ਮਿੱਠੇ ਬੱਚੇ:- "ਮਿੱਠੇ ਬੱਚੇ ਵਿਨਾਸ਼ੀ ਸ਼ਰੀਰਾਂ ਨਾਲ ਪਿਆਰ ਨਾ ਕਰਕੇ ਅਵਿਨਾਸ਼ੀ ਬਾਪ ਨਾਲ ਪਿਆਰ ਕਰੋ ਤਾਂ ਰੋਣ ਤੋਂ ਛੁੱਟ ਜਾਵੋਗੇ"

ਪ੍ਰਸ਼ਨ:- ਅਨਰਾਈਟਸ ਪਿਆਰ ਕੀ ਹੈ ਅਤੇ ਉਸਦਾ ਨਤੀਜਾ ਕੀ ਹੁੰਦਾ ਹੈ?

ਉੱਤਰ:- ਵਿਨਾਸ਼ੀ ਸ਼ਰੀਰਾਂ ਵਿੱਚ ਮੋਹ ਰੱਖਣਾ ਅਨਰਾਈਟਸ ਪਿਆਰ ਹੈ। ਜੋ ਵਿਨਾਸ਼ੀ ਚੀਜਾਂ ਵਿੱਚ ਮੋਹ ਰੱਖਦੇ ਹਨ, ਉਹ ਰੋਂਦੇ ਹਨ, ਦੇਹ ਅਭਿਮਾਨ ਦੇ ਕਾਰਨ ਰੋਣਾ ਆਉਂਦਾ ਹੈ। ਸਤਿਯੁਗ ਵਿੱਚ ਸਾਰੇ ਆਤਮ ਅਭਿਮਾਨੀ ਹਨ, ਇਸ ਲਈ ਰੋਣ ਦੀ ਗੱਲ ਹੀ ਨਹੀਂ ਰਹਿੰਦੀ। ਜੋ ਰੋਂਦੇ ਹਨ ਉਹ ਗਵਾਉਂਦੇ ਹਨ। ਅਵਿਨਾਸ਼ੀ ਬਾਪ ਦੀ ਅਵਿਨਾਸ਼ੀ ਬੱਚਿਆਂ ਨੂੰ ਹੁਣ ਸਿੱਖਿਆ ਮਿਲਦੀ ਹੈ, ਦੇਹੀ ਅਭਿਮਾਨੀ ਬਣੋ ਤਾਂ ਰੋਣ ਤੋਂ ਛੁੱਟ ਜਾਵੋਗੇ।

ਓਮ ਸ਼ਾਂਤੀ। ਇਹ ਤਾਂ ਬੱਚੇ ਹੀ ਜਾਣਦੇ ਹਨ ਕਿ ਆਤਮਾ ਅਵਿਨਾਸ਼ੀ ਹੈ ਅਤੇ ਬਾਪ ਵੀ ਅਵਿਨਾਸ਼ੀ ਹੈ, ਤਾਂ ਪਿਆਰ ਕਿਸਨੂੰ ਕਰਨਾ ਚਾਹੀਦਾ ਹੈ? ਅਵਿਨਾਸ਼ੀ ਆਤਮਾ ਨੂੰ। ਅਵਿਨਾਸ਼ੀ ਨੂੰ ਹੀ ਪਿਆਰ ਕਰਨਾ ਹੈ, ਵਿਨਾਸ਼ੀ ਸ਼ਰੀਰ ਨੂੰ ਥੋੜ੍ਹੀ ਨਾ ਪਿਆਰ ਕਰਨਾ ਚਾਹੀਦਾ ਹੈ। ਸਾਰੀ ਦੁਨੀਆਂ ਵਿਨਾਸ਼ੀ ਹੈ, ਹਰ ਇੱਕ ਚੀਜ਼ ਵਿਨਾਸ਼ੀ ਹੈ, ਇਹ ਸ਼ਰੀਰ ਵਿਨਾਸ਼ੀ ਹੈ, ਆਤਮਾ ਅਵਿਨਾਸ਼ੀ ਹੈ। ਆਤਮਾ ਦਾ ਪਿਆਰ ਅਵਿਨਾਸ਼ੀ ਹੁੰਦਾ ਹੈ। ਆਤਮਾ ਕਦੇ ਮਰਦੀ ਨਹੀਂ, ਉਸਨੂੰ ਕਿਹਾ ਜਾਂਦਾ ਹੈ ਰਾਈਟਸ। ਬਾਪ ਕਹਿੰਦੇ ਹਨ ਤੁਸੀਂ ਅਨਰਾਈਟਸ ਬਣ ਗਏ ਹੋ। ਅਸਲ ਵਿੱਚ ਅਵਿਨਾਸ਼ੀ ਦਾ ਅਵਿਨਾਸ਼ੀ ਦੇ ਨਾਲ ਪਿਆਰ ਹੋਣਾ ਚਾਹੀਦਾ ਹੈ। ਤੁਹਾਡਾ ਪਿਆਰ ਵਿਨਾਸ਼ੀ ਸ਼ਰੀਰ ਦੇ ਨਾਲ ਹੋ ਗਿਆ ਹੈ ਇਸ ਲਈ ਰੋਣਾ ਪੈਂਦਾ ਹੈ। ਅਵਿਨਾਸ਼ੀ ਦੇ ਨਾਲ ਪਿਆਰ ਨਹੀਂ। ਵਿਨਾਸ਼ੀ ਦੇ ਨਾਲ ਪਿਆਰ ਹੋਣ ਕਾਰਨ ਰੋਣਾ ਪੈਂਦਾ ਹੈ। ਹੁਣ ਤੁਸੀਂ ਆਪਣੇ ਨੂੰ ਅਵਿਨਾਸ਼ੀ ਆਤਮਾ ਸਮਝਦੇ ਹੋ ਤਾਂ ਰੋਣ ਦੀ ਗੱਲ ਹੀ ਨਹੀਂ ਕਿਉਂਕਿ ਆਤਮ - ਅਭਿਮਾਨੀ ਹੋ। ਤਾਂ ਬਾਪ ਹੁਣ ਤੁਹਾਨੂੰ ਬੱਚਿਆਂ ਨੂੰ ਆਤਮ - ਅਭਿਮਾਨੀ ਬਣਾਉਂਦੇ ਹਨ। ਦੇਹ - ਅਭਿਮਾਨੀ ਹੋਣ ਨਾਲ ਰੋਣਾ ਹੁੰਦਾ ਹੈ। ਵਿਨਾਸੀ ਸ਼ਰੀਰ ਪਿਛਾੜੀ ਰੋਂਦੇ ਹਨ। ਸਮਝਦੇ ਵੀ ਹਨ ਆਤਮਾ ਮਰਦੀ ਨਹੀਂ ਹੈ। ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝੋ। ਤੁਸੀਂ ਅਵਿਨਾਸ਼ੀ ਬਾਪ ਦੇ ਬੱਚੇ ਅਵਿਨਾਸ਼ੀ ਆਤਮਾ ਹੋ, ਤੁਹਾਨੂੰ ਰੋਣ ਦੀ ਲੋੜ ਨਹੀਂ। ਆਤਮਾ ਇੱਕ ਸ਼ਰੀਰ ਛੱਡ ਦੂਸਰਾ ਜਾਕੇ ਪਾਰਟ ਵਜਾਉਂਦੀ ਹੈ। ਇਹ ਤਾਂ ਖੇਲ੍ਹ ਹੈ। ਤੁਸੀਂ ਸ਼ਰੀਰ ਵਿੱਚ ਮਮਤਵ ਕਿਓਂ ਰੱਖਦੇ ਹੋ। ਦੇਹ ਸਹਿਤ ਦੇਹ ਦੇ ਸਭ ਸਬੰਧਾਂ ਤੋਂ ਬੁੱਧੀਯੋਗ ਨੂੰ ਤੋੜੋ। ਆਪਣੇ ਨੂੰ ਅਵਿਨਾਸ਼ੀ ਆਤਮਾ ਸਮਝੋ। ਆਤਮਾ ਕਦੇ ਮਰਦੀ ਨਹੀਂ। ਗਾਇਨ ਵੀ ਹੈ ਜੋ ਰੋਇਆ ਸੋ ਖੋਇਆ। ਆਤਮ - ਅਭਿਮਾਨੀ ਬਣਨ ਨਾਲ ਹੀ ਲਾਇਕ ਬਣ ਜਾਵੋਗੇ। ਤਾਂ ਬਾਪ ਆਕੇ ਦੇਹੀ - ਅਭਿਮਾਨੀ ਤੋਂ ਆਤਮ - ਅਭਿਮਾਨੀ ਬਣਾਉਂਦੇ ਹਨ। ਕਹਿੰਦੇ ਹਨ ਤੁਸੀਂ ਕਿਵੇਂ ਭੁੱਲੇ ਹੋਏ ਹੋ। ਜਨਮ - ਜਨਮਾਨਤ੍ਰ ਤੁਹਾਨੂੰ ਰੋਣਾ ਪਿਆ ਹੈ। ਹੁਣ ਫੇਰ ਤੋਂ ਤੁਹਾਨੂੰ ਆਤਮ - ਅਭਿਮਾਨੀ ਬਣਨ ਦੀ ਸਿੱਖਿਆ ਮਿਲਦੀ ਹੈ। ਫੇਰ ਤੁਸੀਂ ਕਦੇ ਰੋਵੋਗੇ ਹੀ ਨਹੀਂ। ਇਹ ਹੈ ਰੋਣ ਵਾਲੀ ਦੁਨੀਆਂ, ਉਹ ਹੈ ਹੱਸਣ ਵਾਲੀ ਦੁਨੀਆਂ। ਇਹ ਦੁੱਖ ਦੀ ਦੁਨੀਆਂ, ਉਹ ਸੁੱਖ ਦੀ ਦੁਨੀਆਂ। ਬਾਪ ਬਹੁਤ ਚੰਗੇ ਢੰਗ ਨਾਲ ਸਿੱਖਿਆ ਦਿੰਦੇ ਹਨ। ਅਵਿਨਾਸ਼ੀ ਬਾਪ ਦੀ ਅਵਿਨਾਸ਼ੀ ਬੱਚਿਆਂ ਨੂੰ ਸਿੱਖਿਆ ਮਿਲਦੀ ਹੈ। ਉਹ ਦੇਹ - ਅਭਿਮਾਨੀ ਹਨ ਤਾਂ ਦੇਹ ਨੂੰ ਹੀ ਦੇਖ ਕੇ ਸਿੱਖਿਆ ਦਿੰਦੇ ਹਨ। ਦੇਹ ਦੀ ਯਾਦ ਆਉਣ ਕਾਰਨ ਰੋਂਦੇ ਹਨ। ਵੇਖਦੇ ਵੀ ਹਨ ਸ਼ਰੀਰ ਖ਼ਤਮ ਹੋ ਗਿਆ ਫੇਰ ਉਨ੍ਹਾਂ ਨੂੰ ਯਾਦ ਕਰਨ ਦਾ ਕੀ ਫ਼ਾਇਦਾ। ਮਿੱਟੀ ਨੂੰ ਯਾਦ ਕੀਤਾ ਜਾਂਦਾ ਹੈ ਕੀ? ਅਵਿਨਾਸ਼ੀ ਚੀਜ਼ ਨੇ ਜਾਕੇ ਦੂਸਰਾ ਸ਼ਰੀਰ ਲਿਆ।

ਇਹ ਤਾਂ ਬੱਚੇ ਜਾਣਦੇ ਹਨ - ਜੋ ਚੰਗਾ ਕਰਮ ਕਰਦਾ ਹੈ, ਉਸਨੂੰ ਫੇਰ ਸ਼ਰੀਰ ਵੀ ਚੰਗਾ ਮਿਲਦਾ ਹੈ। ਕਿਸੇ ਨੂੰ ਖ਼ਰਾਬ ਰੋਗੀ ਸ਼ਰੀਰ ਮਿਲਦਾ ਹੈ, ਉਹ ਵੀ ਕਰਮਾਂ ਦੇ ਅਨੁਸਾਰ ਹੈ। ਇੰਵੇਂ ਨਹੀਂ ਕਿ ਚੰਗਾ ਕਰਮ ਕੀਤਾ ਹੈ ਤਾਂ ਉਪਰ ਚਲੇ ਜਾਣਗੇ। ਨਹੀਂ, ਉੱਪਰ ਤਾਂ ਕੋਈ ਜਾ ਨਹੀਂ ਸਕਦੇ। ਚੰਗੇ ਕਰਮ ਕੀਤੇ ਹਨ ਤਾਂ ਚੰਗਾ ਕਹਾਉਣਗੇ। ਜਨਮ ਚੰਗਾ ਮਿਲੇਗਾ ਫੇਰ ਵੀ ਹੇਠਾਂ ਤਾਂ ਉਤਰਨਾ ਹੀ ਹੈ। ਤੁਸੀਂ ਜਾਣਦੇ ਹੋ ਕਿ ਅਸੀਂ ਚੜ੍ਹਦੇ ਕਿਵੇਂ ਹਾਂ। ਭਾਵੇਂ ਚੰਗੇ ਕਰਮਾਂ ਨਾਲ ਕੋਈ ਮਹਾਤਮਾ ਬਣੇਗਾ ਫੇਰ ਵੀ ਕਲਾ ਤੇ ਘੱਟ ਹੁੰਦੀ ਹੀ ਜਾਵੇਗੀ। ਬਾਪ ਕਹਿੰਦੇ ਹਨ ਫੇਰ ਵੀ ਈਸ਼ਵਰ ਨੂੰ ਯਾਦ ਕਰ ਚੰਗਾ ਕਰਮ ਕਰਦੇ ਹਨ ਤਾਂ ਉਨ੍ਹਾਂਨੂੰ ਅਲਪਕਾਲ ਸ਼ਨਭੰਗੁਰ ਸੁੱਖ ਦਿੰਦਾ ਹਾਂ। ਫੇਰ ਵੀ ਪੌੜ੍ਹੀ ਹੇਠਾਂ ਤੇ ਉਤਰਨਾ ਹੀ ਹੈ। ਨਾਮ ਕਰਕੇ ਚੰਗਾ ਹੋਵੇ। ਇੱਥੇ ਤਾਂ ਮਨੁੱਖ ਚੰਗੇ - ਬੁਰੇ ਕਰਮਾਂ ਨੂੰ ਵੀ ਨਹੀਂ ਜਾਣਦੇ ਹਨ। ਰਿੱਧੀ ਸਿੱਧੀ ਵਾਲਿਆਂ ਨੂੰ ਕਿੰਨਾ ਮਾਨ ਦਿੰਦੇ ਹਨ। ਉਨ੍ਹਾਂ ਦੇ ਪਿਛਾੜੀ ਮਨੁੱਖ ਜਿਵੇਂ ਹੈਰਾਨ ਹੁੰਦੇ ਹਨ। ਹੈ ਤੇ ਸਾਰਾ ਅਗਿਆਨ। ਸਮਝੋ ਕੋਈ ਇਨਡਾਇਰੈਕਟ ਦਾਨ - ਪੁੰਨ ਕਰਦੇ ਹਨ, ਧਰਮਸ਼ਾਲਾ ਹਸਪਤਾਲ ਬਣਾਉਂਦੇ ਹਨ ਤਾਂ ਦੂਸਰੇ ਜਨਮ ਵਿੱਚ ਉਸਦਾ ਏਵਜਾ ਜ਼ਰੂਰ ਮਿਲਦਾ ਹੈ। ਬਾਪ ਨੂੰ ਯਾਦ ਕਰਦੇ ਹਨ, ਭਾਵੇਂ ਗਾਲੀਆਂ ਵੀ ਦਿੰਦੇ ਹਨ ਤਾਂ ਵੀ ਮੂੰਹ ਤੋਂ ਭਗਵਾਨ ਦਾ ਨਾਮ ਕਹਿੰਦੇ ਹਨ। ਬਾਕੀ ਅਣਜਾਣ ਹੋਣ ਦੇ ਕਾਰਨ ਜਾਣਦੇ ਕੁਝ ਵੀ ਨਹੀਂ। ਭਗਵਾਨ ਨੂੰ ਯਾਦ ਕਰ ਰੂਦਰ ਪੂਜਾ ਕਰਦੇ ਹਨ, ਰੂਦਰ ਨੂੰ ਭਗਵਾਨ ਸਮਝਦੇ ਹਨ। ਰੂਦਰ ਯੱਗ ਰਚਦੇ ਹਨ। ਸ਼ਿਵ ਅਤੇ ਰੂਦਰ ਦੀ ਪੂਜਾ ਕਰਦੇ ਹਨ। ਬਾਪ ਕਹਿੰਦੇ ਹਨ ਮੇਰੀ ਪੂਜਾ ਕਰਦੇ ਹਨ ਪਰੰਤੂ ਬੇਸਮਝੀ ਨਾਲ ਕੀ - ਕੀ ਬਣਾਉਂਦੇ ਹਨ, ਕੀ - ਕੀ ਕਰਦੇ ਹਨ। ਜਿੰਨੇ ਮਨੁੱਖ ਉਨੇ ਉਨ੍ਹਾਂ ਦੇ ਗੁਰੂ ਹਨ। ਝਾੜ ਵਿੱਚ ਨਵੇਂ - ਨਵੇਂ ਪੱਤੇ, ਟਾਲ - ਟਾਲੀਆਂ ਆਦਿ ਨਿਕਲਦੇ ਹਨ ਤਾਂ ਉਹ ਕਿੰਨਾ ਸ਼ੋਭਦੇ ਹਨ। ਸਤੋਗੁਣੀ ਹੋਣ ਦੇ ਕਾਰਣ ਉਨ੍ਹਾਂ ਦੀ ਮਹਿਮਾ ਹੁੰਦੀ ਹੈ। ਬਾਪ ਕਹਿੰਦੇ ਹਨ

ਇਹ ਦੁਨੀਆਂ ਹੈ ਹੀ ਵਿਨਾਸ਼ੀ ਚੀਜਾਂ ਨੂੰ ਪਿਆਰ ਕਰਨ ਵਾਲੀ। ਕਿਸੇ - ਕਿਸੇ ਦਾ ਬਹੁਤ ਪਿਆਰ ਹੁੰਦਾ ਹੈ ਤਾਂ ਮੋਹ ਵਿੱਚ ਜਿਵੇਂ ਪਾਗਲ ਹੋ ਜਾਂਦੇ ਹਨ। ਵੱਡੇ - ਵੱਡੇ ਸੇਠ ਲੋਕ ਮੋਹਵਸ਼ ਪਾਗਲ ਹੋ ਜਾਂਦੇ ਹਨ। ਮਾਤਾਵਾਂ ਨੂੰ ਗਿਆਨ ਨਾ ਹੋਣ ਦੇ ਕਾਰਣ ਵਿਨਾਸ਼ੀ ਸ਼ਰੀਰ ਪਿਛਾੜੀ ਵਿਧਵਾ ਬਣ ਕਿੰਨਾ ਰੋਂਦੀਆਂ, ਯਾਦ ਕਰਦੀਆਂ ਰਹਿੰਦੀਆਂ ਹਨ। ਹੁਣ ਤੁਸੀਂ ਆਪਣੇ ਨੂੰ ਆਤਮਾ ਸਮਝ , ਦੂਜੇ ਨੂੰ ਵੀ ਆਤਮਾ ਵੇਖਦੇ ਹੋ ਤਾਂ ਜਰਾ ਵੀ ਦੁੱਖ ਨਹੀਂ ਹੁੰਦਾ। ਪੜ੍ਹਾਈ ਨੂੰ ਸੋਰਸ ਆਫ ਇਨਕਮ ਕਿਹਾ ਜਾਂਦਾ ਹੈ। ਪੜ੍ਹਾਈ ਵਿਚ ਏਮ ਆਬਜੈਕਟ ਵੀ ਹੁੰਦੀ ਹੈ। ਪਰ ਉਹ ਹੈ ਇੱਕ ਜਨਮ ਦੇ ਲਈ। ਸਰਕਾਰ ਤੋਂ ਤਨਖਾਹ ਮਿਲਦੀ ਹੈ। ਪੜ੍ਹ ਕੇ ਧੰਧਾ ਧੋਰੀ ਕਰਦੇ ਹਨ, ਤਾਂ ਪੈਸੇ ਆਦਿ ਮਿਲਦੇ ਹਨ ਇੱਥੇ ਤਾਂ ਫਿਰ ਗੱਲ ਹੀ ਨਵੀਂ ਹੈ। ਤੁਸੀਂ ਅਵਿਨਾਸ਼ੀ ਗਿਆਨ ਰਤਨਾਂ ਨਾਲ ਝੋਲੀ ਕਿਵੇਂ ਭਰਦੇ ਹੋ। ਆਤਮਾ ਸਮਝਦੀ ਹੈ ਕਿ ਬਾਬਾ ਸਾਨੂੰ ਅਵਿਨਾਸ਼ੀ ਗਿਆਨ ਖਜਾਨਾ ਦਿੰਦੇ ਹਨ ਭਗਵਾਨ ਪੜ੍ਹਾਉਂਦੇ ਹਨ ਤਾਂ ਜਰੂਰ ਭਗਵਾਨ ਭਗਵਤੀ ਹੀ ਬਣਾਉਣਗੇ। ਪਰ ਅਸਲ ਵਿੱਚ ਭਗਵਾਨ - ਭਗਵਤੀ ਸਮਝਣਾ ਗਲਤ ਹੈ। ਹੁਣ ਤੁਸੀਂ ਬੱਚੇ ਜਾਣਦੇ ਹੋ - ਓਹੋ, ਜਦੋਂ ਅਸੀਂ ਦੇਹ - ਅਭਿਮਾਨੀ ਹੋ ਜਾਂਦੇ ਹਾਂ ਤਾਂ ਸਾਡੀ ਬੁੱਧੀ ਕਿੰਨੀ ਡੀ ਗ੍ਰੇਡ ਹੋ ਜਾਂਦੀ ਹੈ। ਜਿਵੇਂ ਜਾਨਵਰ ਬੁੱਧੀ ਬਣ ਜਾਂਦੇ ਹਨ। ਜਾਨਵਰਾਂ ਦੀ ਸੇਵਾ ਵੀ ਬੜੀ ਚੰਗੀ ਹੁੰਦੀ ਹੈ। ਮਨੁੱਖਾਂ ਦੀ ਤਾਂ ਕੁਝ ਵੀ ਨਹੀਂ। ਰੇਸ ਦੇ ਘੋੜੇ ਆਦਿ ਦੀ ਕਿੰਨੀ ਸਾਂਭ ਹੁੰਦੀ ਹੈ। ਇੱਥੋਂ ਦੇ ਮਨੁੱਖਾਂ ਦੀ ਵੇਖੋ ਕੀ ਹਾਲਤ ਹੈ। ਕੁੱਤੇ ਨੂੰ ਕਿੰਨਾ ਪਿਆਰ ਨਾਲ ਸਾਂਭਦੇ ਹਨ। ਚੱਟਦੇ ਰਹਿੰਦੇ ਹਨ, ਨਾਲ ਵੀ ਸੁਵਾਉਂਦੇ ਹਨ। ਵੇਖੋ, ਦੁਨੀਆਂ ਦਾ ਕੀ ਹਾਲ ਹੋ ਗਿਆ ਹੈ। ਉੱਥੇ ਸਤਿਯੁਗ ਵਿੱਚ ਇਹ ਧੰਧਾ ਹੁੰਦਾ ਨਹੀਂ।

ਤਾਂ ਬਾਪ ਕਹਿੰਦੇ ਹਨ - ਬੱਚਿਓ, ਤੁਹਾਨੂੰ ਮਾਇਆ ਰਾਵਨ ਨੇ ਅਨਰਾਈਟਯਸ ਬਣਾ ਦਿੱਤਾ ਹੈ। ਅਨਰਾਈਟਯਸ ਰਾਜ ਹੈ ਨਾ। ਮਨੁੱਖ ਅਨਰਾਈਟਯਸ ਤਾਂ ਸਾਰੀ ਦੁਨੀਆਂ ਵੀ ਅਨਰਾਈਟਯਸ ਹੋ ਜਾਂਦੀ ਹੈ। ਰਾਈਟਯਸ ਅਤੇ ਅਨਰਾਈਟਯਸ ਦੁਨੀਆਂ ਵਿੱਚ ਵੇਖੋ ਫਰਕ ਕਿੰਨਾ ਹੈ! ਕਲਯੁਗ ਦੀ ਹਾਲਤ ਵੇਖੋ ਕੀ ਹੈ! ਮੈਂ ਸ੍ਵਰਗ ਸਥਾਪਨ ਕਰ ਰਿਹਾ ਹਾਂ ਤਾਂ ਮਾਇਆ ਵੀ ਆਪਣਾ ਸ੍ਵਰਗ ਵਿਖਉਂਦੀ ਹੈ ਟੈਮਪੇਟੇਸ਼ਨ ਦਿੰਦੀ ਹੈ। ਆਰਟੀਫਿਸ਼ਲ ਧਨ ਕਿੰਨਾ ਹੈ। ਸਮਝਦੇ ਹਨ ਅਸੀਂ ਇੱਥੇ ਹੀ ਸ੍ਵਰਗ ਵਿੱਚ ਬੈਠੇ ਹਾਂ। ਸ੍ਵਰਗ ਵਿੱਚ ਥੋੜੀ ਇੰਨੇ 100 ਮੰਜ਼ਿਲ ਦੇ ਉੱਚੇ ਮਕਾਨ ਆਦਿ ਹੁੰਦੇ ਹਨ। ਕਿਵੇਂ - ਕਿਵੇਂ ਮਕਾਨ ਸਜਾਉਂਦੇ ਹਨ, ਉੱਥੇ ਤਾਂ ਡਬਲ ਸਟੋਰੀ ਦੇ ਮਕਾਨ ਵੀ ਨਹੀਂ ਹੁੰਦੇ। ਮਨੁੱਖ ਹੀ ਬਹੁਤ ਥੋੜੇ ਹੁੰਦੇ ਹਨ ਇੰਨੀ ਜਮੀਨ ਤੁਸੀਂ ਕੀ ਕਰੋਗੇ। ਇੱਥੇ ਜਮੀਨ ਦੇ ਪਿੱਛੇ ਕਿੰਨਾ ਲੜਦੇ - ਝਗੜਦੇ ਹਨ। ਉੱਥੇ ਸਾਰੀ ਜਮੀਨ ਤੁਹਾਡੀ ਰਹਿੰਦੀ ਹੈ। ਕਿੰਨਾ ਰਾਤ - ਦਿਨ ਦਾ ਫਰਕ ਹੈ। ਉਹ ਲੋਕਿਕ ਬਾਪ, ਇਹ ਪਾਰਲੋਕਿਕ ਬਾਪ ਹੈ। ਪਾਰਲੋਕਿਕ ਬਾਪ ਬੱਚਿਆਂ ਨੂੰ ਕੀ ਨਹੀਂ ਦਿੰਦੇ ਹਨ। ਅੱਧਾ ਕਲਪ ਤੁਸੀਂ ਭਗਤੀ ਕਰਦੇ ਹੋ। ਬਾਪ ਸਾਫ਼ ਕਹਿੰਦੇ ਹਨ ਇਸ ਨਾਲ ਮੁਕਤੀ ਨਹੀਂ ਮਿਲਦੀ ਹੈ ਅਤੇ ਮੇਰੇ ਨਾਲ ਨਹੀਂ ਮਿਲਦੇ। ਤੁਸੀਂ ਮੁਕਤੀ ਧਾਮ ਵਿੱਚ ਮੇਰੇ ਨਾਲ ਮਿਲਦੇ ਹੋ ਮੈ ਵੀ ਮੁਕਤੀ ਧਾਮ ਵਿੱਚ ਰਹਿੰਦਾ ਹਾਂ ਫਿਰ ਉੱਥੋਂ ਤੁਸੀਂ ਸ੍ਵਰਗ ਵਿੱਚ ਜਾਂਦੇ ਹੋ। ਉੱਥੇ ਸ੍ਵਰਗ ਵਿੱਚ ਮੈ ਨਹੀਂ ਹੁੰਦਾ। ਇਹ ਵੀ ਡਰਾਮਾ ਹੈ। ਫਿਰ ਹੂਬਹੂ ਇੰਵੇਂ ਰਿਪੀਟ ਹੋਵੇਗਾ ਫਿਰ ਇਹ ਗਿਆਨ ਭੁੱਲ ਜਾਵੇਗਾ। ਪਰਾਏ ਲੋਪ ਹੋ ਜਾਵੇਗਾ। ਜਦੋਂ ਤੱਕ ਸੰਗਮਯੁੱਗ ਨਹੀਂ ਆਇਆ ਹੈ ਉਦੋਂ ਤੱਕ ਗੀਤਾ ਦਾ ਗਿਆਨ ਹੋ ਕਿਵੇਂ ਸਕਦਾ ਹੈ ਬਾਕੀ ਜੋ ਵੀ ਸ਼ਾਸਤਰ ਆਦਿ ਹਨ, ਉਹ ਹਨ ਭਗਤੀ ਮਾਰਗ ਦੇ ਸ਼ਾਸਤਰ।

ਹੁਣ ਤੁਸੀਂ ਨਾਲੇਜ਼ ਸੁਣ ਰਹੇ ਹੋ। ਮੈਂ ਬੀਜਰੂਪ, ਗਿਆਨ ਦਾ ਸਾਗਰ ਹਾਂ। ਤੁਹਾਨੂੰ ਕੁਝ ਵੀ ਕਰਨ ਨਹੀਂ ਦਿੰਦਾ, ਪੈਰ ਵੀ ਪੈਣ ਨਹੀਂ ਦਿੰਦਾ। ਪੈਰ ਕਿਸਦੇ ਪਵੋਗੇ। ਸ਼ਿਵਬਾਬਾ ਦੇ ਤਾਂ ਪੈਰ ਹੈ ਨਹੀਂ। ਇਹ ਤਾਂ ਬ੍ਰਹਮਾ ਦੇ ਪੈਰ ਪੈਣਾ ਹੋ ਜਾਵੇਗਾ। ਮੈਂ ਤਾਂ ਤੁਹਾਡਾ ਗੁਲਾਮ ਹਾਂ। ਉਨ੍ਹਾਂ ਨੂੰ ਕਹਿੰਦੇ ਹਨ ਨਿਰਾਕਾਰੀ, ਨਿਰਹੰਕਾਰੀ, ਉਹ ਵੀ ਜਦੋਂ ਉਹ ਐਕਟ ਵਿੱਚ ਆਉਣ ਤਦ ਤਾਂ ਨਿਰਹੰਕਾਰੀ ਕਿਹਾ ਜਾਵੇ। ਬਾਪ ਤੁਹਾਨੂੰ ਅਥਾਹ ਗਿਆਨ ਦਿੰਦੇ ਹਨ। ਇਹ ਹੈ ਅਵਿਨਾਸ਼ੀ ਗਿਆਨ ਰਤਨਾਂ ਦਾ ਦਾਨ। ਫੇਰ ਜੋ ਜਿਨ੍ਹਾਂ ਲਵੇ। ਅਵਿਨਾਸ਼ੀ ਗਿਆਨ ਰਤਨ ਲੈਕੇ ਫੇਰ ਹੋਰਾਂ ਨੂੰ ਦਾਨ ਕਰਦੇ ਜਾਵੋ। ਇਨ੍ਹਾਂ ਰਤਨਾਂ ਦੇ ਲਈ ਹੀ ਕਿਹਾ ਜਾਂਦਾ ਹੈ - ਇੱਕ - ਇੱਕ ਰਤਨ ਲੱਖਾਂ ਦਾ ਹੈ। ਕਦਮ - ਕਦਮ ਤੇ ਪਦਮ ਦੇਣ ਵਾਲਾ ਤਾਂ ਇੱਕ ਹੀ ਬਾਪ ਹੈ। ਸਰਵਿਸ ਤੇ ਬੜਾ ਅਟੈਂਸ਼ਨ ਚਾਹੀਦਾ ਹੈ। ਤੁਹਾਡਾ ਕਦਮ ਹੈ ਯਾਦ ਦੀ ਯਾਤਰਾ ਦਾ, ਉਸ ਨਾਲ ਤੁਸੀਂ ਅਮਰ ਬਣ ਜਾਂਦੇ ਹੋ। ਉੱਥੇ ਮਰਨ ਆਦਿ ਦਾ ਫਿਕਰ ਹੁੰਦਾ ਨਹੀਂ। ਇੱਕ ਸ਼ਰੀਰ ਛੱਡ ਦੂਸਰਾ ਲਿਆ। ਮੋਹਜੀਤ ਰਾਜੇ ਦੀ ਕਹਾਣੀ ਵੀ ਸੁਣੀ ਹੋਵੇਗੀ। ਇਹ ਤਾਂ ਬਾਪ ਬੈਠ ਸਮਝਾਉਂਦੇ ਹਨ। ਹੁਣ ਬਾਪ ਤੁਹਾਨੂੰ ਅਜਿਹਾ ਬਣਾਉਂਦੇ ਹਨ, ਹੁਣ ਦੀਆਂ ਹੀ ਗੱਲਾਂ ਹਨ।

ਰਾਖੀ ਦਾ ਤਿਉਹਾਰ ਵੀ ਮਨਾਉਂਦੇ ਹਨ। ਇਹ ਕਦੋਂ ਦੀ ਨਿਸ਼ਾਨੀ ਹੈ? ਕਦੋਂ ਭਗਵਾਨ ਨੇ ਕਿਹਾ ਕਿ ਪਵਿੱਤਰ ਬਣੋ? ਇਹ ਮਨੁੱਖਾਂ ਨੂੰ ਕੀ ਪਤਾ ਕਿ ਨਵੀਂ ਦੁਨੀਆਂ ਕਦੋਂ, ਪੁਰਾਣੀ ਦੁਨੀਆਂ ਕਦੋਂ ਹੁੰਦੀ ਹੈ? ਇਹ ਵੀ ਕਿਸੇ ਨੂੰ ਪਤਾ ਨਹੀਂ। ਇਤਨਾ ਕਹਿੰਦੇ ਹਨ ਕਿ ਹੁਣ ਕਲਯੁਗ ਹੈ। ਸਤਿਯੁਗ ਸੀ, ਹੁਣ ਨਹੀਂ ਹੈ। ਪੁਨਰਜਨਮ ਨੂੰ ਵੀ ਮੰਨਦੇ ਹਨ। 84 ਲੱਖ ਕਹਿ ਦਿੰਦੇ ਹਨ ਤਾਂ ਜਰੂਰ ਪੁਨਰਜਨਮ ਹੋਇਆ ਨਾ। ਨਿਰਾਕਾਰ ਬਾਪ ਨੂੰ ਸਭ ਯਾਦ ਕਰਦੇ ਹਨ। ਉਹ ਹੈ ਸਭ ਆਤਮਾਵਾਂ ਦਾ ਬਾਪ, ਉਹ ਹੀ ਆਕੇ ਸਮਝਾਉਂਦੇ ਹਨ। ਦੇਹਧਾਰੀ ਬਾਪੂ ਤਾਂ ਬਹੁਤ ਹਨ। ਜਾਨਵਰ ਵੀ ਆਪਣੇ ਬੱਚਿਆਂ ਦੇ ਬਾਪੂ ਹਨ। ਉਨ੍ਹਾਂ ਦੇ ਲਈ ਤਾਂ ਇੰਵੇਂ ਨਹੀਂ ਕਹਾਂਗੇ ਕਿ ਜਾਨਵਰਾਂ ਦਾ ਬਾਪ। ਸਤਿਯੁਗ ਵਿੱਚ ਕੋਈ ਕੁਝ ਕਿਚੜ੍ਹ ਪਟੀ ਹੁੰਦੀ ਨਹੀਂ। ਜਿਵੇਂ ਮਨੁੱਖ ਉਵੇਂ ਦਾ ਫਰਨੀਚਰ ਹੁੰਦਾ ਹੈ। ਉੱਥੇ ਪੰਛੀ ਆਦਿ ਵੀ ਫਸਟਕਲਾਸ ਖੂਬਸੂਰਤ ਹੁੰਦੇ ਹਨ। ਸਾਰੀਆਂ ਵਧੀਆ- ਵਧੀਆ ਚੀਜਾਂ ਹੋਣਗੀਆਂ। ਉੱਥੇ ਫ਼ਲ ਕਿੰਨੇ ਸਵੀਟ ਵੱਡੇ ਹੁੰਦੇ ਹਨ। ਫੇਰ ਉਹ ਸਭ ਕਿੱਥੇ ਚਲਾ ਜਾਂਦਾ ਹੈ! ਸਵੀਟ ਤੋਂ ਨਿਕਲ ਕੜਵਾਹਟ ਆ ਜਾਂਦੀ ਹੈ। ਥਰਡ ਕਲਾਸ ਬਣਦੇ ਹਨ ਤਾਂ ਚੀਜ਼ਾਂ ਵੀ ਥਰਡ ਕਲਾਸ ਬਣ ਜਾਂਦੀਆਂ ਹਨ। ਸਤਿਯੁਗ ਹੈ ਫਸਟਕਲਾਸ ਤਾਂ ਸਭ ਚੀਜਾਂ ਫਸਟਕਲਾਸ ਮਿਲਦੀਆਂ ਹਨ। ਕਲਯੁਗ ਵਿੱਚ ਹੈ ਥਰਡਕਲਾਸ। ਸਭ ਚੀਜ਼ਾਂ ਸਤੋ, ਰਜੋ,

ਤਮੋ... ਤੋਂ ਪਾਸ ਹੁੰਦੀਆਂ ਹਨ। ਇੱਥੇ ਤਾਂ ਕੋਈ ਮਜ਼ਾ ਨਹੀਂ ਹੈ। ਆਤਮਾ ਵੀ ਤਮੋਪ੍ਰਧਾਨ ਤਾਂ ਸ਼ਰੀਰ ਵੀ ਤਮੋਪ੍ਰਧਾਨ ਹੈ। ਹੁਣ ਤੁਹਾਨੂੰ ਬੱਚਿਆਂ ਨੂੰ ਗਿਆਨ ਹੈ, ਕਿੱਥੇ ਉਹ, ਕਿੱਥੇ ਇਹ, ਰਾਤ - ਦਿਨ ਦਾ ਫਰਕ ਹੈ। ਬਾਪ ਤੁਹਾਨੂੰ ਕਿੰਨਾ ਉੱਚਾ ਬਣਾਉਂਦੇ ਹਨ। ਜਿੰਨਾਂ ਯਾਦ ਕਰਾਂਗੇ, ਹੈਲਥ, ਵੈਲਥ ਦੋਵੇਂ ਮਿਲ ਜਾਣਗੇ। ਬਾਕੀ ਕੀ ਚਾਹੀਦਾ ਹੈ। ਦੋਵੇਂ ਚੀਜ਼ਾਂ ਵਿਚੋਂ ਇੱਕ ਨਹੀਂ ਹੋਵੇਗੀ ਤਾਂ ਹੈਪੀਨੈਸ ਨਹੀਂ ਹੋਵੇਗੀ। ਸਮਝੋ ਹੈਲਥ ਹੈ, ਵੈਲਥ ਨਹੀਂ ਤਾਂ ਕਿਸ ਕੰਮ ਦੇ। ਗਾਉਂਦੇ ਵੀ ਹਨ - " ਪੈਸਾ ਹੈ ਤਾਂ ਲਾਡਕਾਨਾ ਘੁਮਕੇ ਆਵੋ।" ਬੱਚੇ ਸਮਝਦੇ ਹਨ - ਭਾਰਤ ਸੋਨੇ ਦੀ ਚਿੜੀਆ ਸੀ, ਹੁਣ ਸੋਨਾ ਕਿਥੇ। ਸੋਨਾ, ਚਾਂਦੀ, ਤਾਂਬਾ ਗਿਆ, ਹੁਣ ਤਾਂ ਕਾਗਜ਼ ਹੀ ਕਾਗਜ਼ ਹਨ। ਕਾਗਜ਼ ਪਾਣੀ ਵਿੱਚ ਬਹਿ ਜਾਣ ਤਾਂ ਪੈਸੇ ਕਿਥੋਂ ਮਿਲਣ। ਸੋਨਾ ਤਾਂ ਬਹੁਤ ਭਾਰੀ ਹੁੰਦਾ ਹੈ, ਉਹ ਉੱਥੇ ਹੀ ਪਿਆ ਰਹਿੰਦਾ ਹੈ। ਅੱਗ ਵੀ ਸੋਨੇ ਨੂੰ ਜਲਾ ਨਹੀਂ ਸਕਦੀ। ਤਾਂ ਇੱਥੇ ਸਭ ਦੁੱਖ ਦੀਆਂ ਗੱਲਾਂ ਹਨ। ਉੱਥੇ ਇਹ ਸਭ ਗੱਲਾਂ ਹੁੰਦੀਆਂ ਨਹੀਂ। ਇੱਥੇ ਇਸ ਵਕਤ ਅਪਾਰ ਦੁੱਖ ਹਨ। ਬਾਪ ਆਉਂਦੇ ਹੀ ਉਦੋਂ ਹਨ ਜਦੋਂ ਅਪਾਰ ਦੁੱਖ ਹਨ, ਕਲ ਫੇਰ ਅਪਾਰ ਸੁੱਖ ਹੋਵੇਗਾ। ਬਾਬਾ ਤਾਂ ਕਲਪ - ਕਲਪ ਆਕੇ ਪੜ੍ਹਾਉਂਦੇ ਹਨ, ਇਹ ਕੋਈ ਨਵੀਂ ਗੱਲ ਥੋੜ੍ਹੀ ਨਾ ਹੈ। ਖੁਸ਼ੀ ਵਿੱਚ ਰਹਿਣਾ ਚਾਹੀਦਾ ਹੈ। ਖੁਸ਼ੀ ਹੀ ਖੁਸ਼ੀ ਇਹ ਅੰਤ ਦੀ ਗੱਲ ਹੈ। ਅਤਿਇੰਦਰੀਏ ਸੁੱਖ ਗੋਪ - ਗੋਪੀਆਂ ਤੋਂ ਪੁੱਛੋ। ਪਿਛਾੜੀ ਤੁਸੀਂ ਬਹੁਤ ਚੰਗੀ ਤਰ੍ਹਾਂ ਸਮਝ ਜਾਂਦੇ ਹੋ। ਰੀਅਲ ਸ਼ਾਂਤੀ ਕਿਸਨੂੰ ਕਿਹਾ ਜਾਂਦਾ ਹੈ, ਇਹ ਬਾਪ ਹੀ ਦਸਦੇ ਹਨ। ਤੁਸੀਂ ਬਾਪ ਤੋਂ ਸ਼ਾਂਤੀ ਦਾ ਵਰਸਾ ਲੈਂਦੇ ਹੋ। ਉਨ੍ਹਾਂ ਨੂੰ ਸਭ ਯਾਦ ਕਰਦੇ ਹਨ। ਬਾਪ ਸ਼ਾਂਤੀ ਦਾ ਸਾਗਰ ਹੈ। ਬਾਪ ਸਮਝਾਉਂਦੇ ਹਨ ਮੇਰੇ ਕੋਲ ਆ ਕੌਣ ਸਕਦੇ ਹਨ। ਫਲਾਣਾ - ਫਲਾਣਾ ਧਰਮ ਫਲਾਣੇ - ਫਲਾਣੇ ਸਮੇਂ ਤੇ ਆਉਂਦੇ ਹਨ। ਸ੍ਵਰਗ ਵਿੱਚ ਤਾਂ ਆ ਨਹੀਂ ਸਕਦੇ। ਹੁਣ ਸਾਧੂ ਸੰਤ ਢੇਰ ਨਿਕਲ ਆਏ ਹਨ ਤਾਂ ਉਨ੍ਹਾਂ ਦੀ ਮਹਿਮਾ ਹੁੰਦੀ ਹੈ। ਪਵਿੱਤਰ ਹਨ ਤਾਂ ਉਨ੍ਹਾਂ ਦੀ ਮਹਿਮਾ ਜਰੂਰ ਹੋਣੀ ਚਾਹੀਦੀ ਹੈ। ਹਾਲੇ ਨਵੇਂ ਉਤਰੇ ਹਨ। ਪੁਰਾਣਿਆਂ ਦੀ ਤਾਂ ਇਤਨੀ ਮਹਿਮਾ ਹੋ ਨਾ ਸਕੇ। ਉਹ ਤਾਂ ਸੁੱਖ ਭੋਗਕੇ ਤਮੋਪ੍ਰਧਾਨ ਵਿੱਚ ਚਲੇ ਗਏ ਹਨ। ਕਿੰਨੇ ਢੇਰ ਗੁਰੂ ਕਿਸਮ - ਕਿਸਮ ਦੇ ਨਿਕਲਦੇ ਜਾਂਦੇ ਹਨ, ਇਸ ਬੇਹੱਦ ਦੇ ਝਾੜ ਨੂੰ ਜਾਣਦੇ ਨਹੀਂ ਹਨ। ਬਾਪ ਸਮਝਾਉਂਦੇ ਹਨ ਕਿ ਭਗਤੀ ਦੀ ਸਮਗਰੀ ਇਤਨੀ ਹੈ, ਜਿਨਾਂ ਝਾੜ ਫੈਲਿਆ ਹੋਇਆ ਹੁੰਦਾ ਹੈ। ਗਿਆਨ ਬੀਜ ਕਿੰਨਾ ਥੋੜ੍ਹਾ ਹੈ। ਭਗਤੀ ਨੂੰ ਅਧਾਕਲਪ ਲਗਦਾ ਹੈ। ਇਹ ਗਿਆਨ ਤਾਂ ਸਿਰ੍ਫ ਇਸ ਇੱਕ ਅੰਤਿਮ ਜਨਮ ਦੇ ਲਈ ਹੈ। ਗਿਆਨ ਨੂੰ ਪ੍ਰਾਪਤ ਕਰ ਤੁਸੀਂ ਅਧਾਕਲਪ ਦੇ ਲਈ ਮਾਲਿਕ ਬਣ ਜਾਂਦੇ ਹੋ। ਭਗਤੀ ਬੰਦ ਹੋ ਜਾਂਦੀ ਹੈ, ਦਿਨ ਹੋ ਜਾਂਦਾ ਹੈ। ਹੁਣ ਤੁਸੀਂ ਸਦਾ ਕਾਲ ਦੇ ਲਈ ਹਰਸ਼ਿਤ ਬਣਦੇ ਹੋ, ਇਸਨੂੰ ਕਿਹਾ ਜਾਂਦਾ ਹੈ ਈਸ਼ਵਰ ਦੀ ਅਵਿਨਾਸ਼ੀ ਲਾਟਰੀ। ਉਸਦੇ ਲਈ ਪੁਰਸ਼ਾਰਥ ਕਰਨਾ ਪੈਂਦਾ ਹੈ। ਈਸ਼ਵਰੀਏ ਲਾਟਰੀ ਅਤੇ ਆਸੁਰੀ ਲਾਟਰੀ ਵਿੱਚ ਕਿੰਨਾ ਫ਼ਰਕ ਹੁੰਦਾ ਹੈ। ਅੱਛਾ

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਤੁਹਾਡੇ ਯਾਦ ਦੇ ਹਰ ਕਦਮ ਵਿੱਚ ਪਦਮ ਹਨ, ਇਸ ਨਾਲ ਹੀ ਅਮਰ ਪਦ ਪ੍ਰਾਪਤ ਕਰਨਾ ਹੈ। ਅਵਿਨਾਸ਼ੀ ਗਿਆਨ ਰਤਨ ਜੋ ਬਾਪ ਤੋਂ ਮਿਲਦੇ ਹਨ, ਉਨ੍ਹਾਂ ਦਾ ਦਾਨ ਕਰਨਾ ਹੈ।

2. ਆਤਮ - ਅਭਿਮਾਨੀ ਬਣ ਅਪਾਰ ਖੁਸ਼ੀ ਦਾ ਅਨੁਭਵ ਕਰਨਾ ਹੈ। ਸ਼ਰੀਰਾਂ ਤੋਂ ਮੋਹ ਨਿਕਾਲ ਸਦਾ ਹਰਸ਼ਿਤ ਰਹਿਣਾ ਹੈ, ਮੋਹਜੀਤ ਬਣਨਾ ਹੈ।

ਵਰਦਾਨ:- ਹਰ ਘੜੀ ਨੂੰ ਅੰਤਿਮ ਘੜੀ ਸਮਝ ਸਦਾ ਰੂਹਾਨੀ ਮੌਜ ਵਿੱਚ ਰਹਿਣ ਵਾਲੀ ਵਿਸ਼ੇਸ਼ ਆਤਮਾ ਭਵ

ਸੰਗਮਯੁਗ ਰੂਹਾਨੀ ਮੌਜਾਂ ਵਿੱਚ ਰਹਿਣ ਦਾ ਯੁਗ ਹੈ ਇਸਲਈ ਹਰ ਘੜੀ ਰੂਹਾਨੀ ਮੌਜ਼ ਦਾ ਅਨੁਭਵ ਕਰਦੇ ਰਹੋ, ਕਦੀ ਕਿਸੇ ਵੀ ਪਰਿਸਥਿਤੀ ਜਾਂ ਪ੍ਰੀਖਿਆ ਵਿੱਚ ਮੂੰਝਣਾ ਨਹੀਂ ਕਿਉਂਕਿ ਇਹ ਸਮੇਂ ਅਕਾਲੇ ਮਿਰਤੁ ਦਾ ਹੈ। ਥੋੜਾ ਸਮੇਂ ਵੀ ਜੇਕਰ ਮੂੰਝ ਗਏ ਅਤੇ ਉਸੀ ਸਮੇਂ ਅੰਤਿਮ ਘੜੀ ਆ ਜਾਏ ਤਾਂ ਅੰਤ ਮਤਿ ਹੋ ਗਤੀ ਕੀ ਹੋਵੇਗੀ। ਇਸਲਈ ਏਵਰਰੇਡੀ ਦਾ ਪਾਠ ਪੜ੍ਹਾਇਆ ਜਾਂਦਾ ਹੈ। ਇਕ ਸੈਕਿੰਡ ਵੀ ਧੋਖਾ ਦੇਣ ਵਾਲਾ ਹੋ ਸਕਦਾ ਹੈ। ਇਸਲਈ ਖੁਦ ਨੂੰ ਵਿਸ਼ੇਸ਼ ਆਤਮਾ ਸਮਝਕੇ ਹਰ ਸੰਕਲਪ, ਬੋਲ ਅਤੇ ਕਰਮ ਕਰੋ ਅਤੇ ਸਦਾ ਰੂਹਾਨੀ ਮੌਜ਼ ਵਿੱਚ ਰਹੋ।

ਸਲੋਗਨ:- ਅਚਲ ਬਣਨਾ ਹੈ ਤਾਂ ਵਿਅਰਥ ਅਤੇ ਅਸ਼ੁਭ ਨੂੰ ਸਮਾਪਤ ਕਰੋ।

******